ਭਗਵੰਤ ਮਾਨ-ਕੇਜਰੀਵਾਲ ਨੇ ਸਰਕਾਰ ਦੇ ਪਿਛਲੇ 2 ਸਾਲਾਂ ਦੇ ਕੰਮਾਂ ਦਾ ਪੋਸਟਰ ਜਾਰੀ ਕੀਤਾ



ਚੰਡੀਗੜ੍ਹ, 11 ਮਾਰਚ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿੱਚ ਲੋਕ ਸਭਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਇਸ ਮੁਹਿੰਮ ਨੂ ਸੰਸਦ ਵਿੱਚ ਵੀ ਭਗਵੰਤ ਮਾਨ, ਖੁਸ਼ਹਾਲ ਪੰਜਾਬ ਤੇ ਵਧੇਗੀ ਸ਼ਾਨ ਦਾ ਨਾਂ ਦਿੱਤਾ ਗਿਆ ਹੈ। ਸੋਮਵਾਰ ਨੂੰ ਮੋਹਾਲੀ @ਚ ਕਰਵਾਏ ਗਏ ਇਕ ਸਮਾਗਮ ਵਿੱਚ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੁਹਿੰਮ ਦੀ ਰਸਮੀ ਸ਼ੁਰੂਆਤ ਕੀਤੀ। ਪ੍ਰੋਗਰਾਮ ਵਿੱਚ 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, 'ਆਪ' ਸਰਕਾਰ ਦੇ ਸਾਰੇ ਮੰਤਰੀ ਅਤੇ ਵਿਧਾਇਕ ਹਾਜ਼ਰ ਸਨ। ਸਮਾਗਮ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ 'ਆਪ' ਦੇ ਹਜ਼ਾਰਾਂ ਵਰਕਰਾਂ ਤੇ ਹੋਰ ਅਧਿਕਾਰੀਆਂ ਨੇ ਵੀ ਸ਼ਮੂਲੀਅਤ ਕੀਤੀ।ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਸੂਬੇ ਦੀਆਂ ਸਾਰੀਆਂ 13 ਸੀਟਾਂ 'ਤੇ ਜਿੱਤ ਦਿਵਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜਦੋਂ ਸੂਬੇ ਦੇ ਸਾਰੇ ਸੰਸਦ ਮੈਂਬਰ ਸਾਡੇ ਹੋਣਗੇ ਤਾਂ ਕੇਂਦਰ ਸਰਕਾਰ ਪੰਜਾਬ ਦੇ ਫੰਡ ਨਹੀਂ ਰੋਕ ਸਕੇਗੀ। ਮਾਨ ਨੇ ਕਿਹਾ ਕਿ ਮੈਂ ਕੇਂਦਰ ਸਰਕਾਰ ਅਤੇ ਰਾਜਪਾਲ ਨਾਲ ਲੜ ਰਿਹਾ ਹਾਂ। ਜੇਕਰ 13 ਸਾਂਸਦ ਜਿੱਤ ਜਾਂਦੇ ਹਨ ਤਾਂ ਸਾਡੇ ਹੱਥ ਅਤੇ ਹੌਂਸਲੇ ਮਜ਼ਬੂਤ ਹੋਣਗੇ।

ਮਾਨ ਨੇ ਅਰਵਿੰਦ ਕੇਜਰੀਵਾਲ ਨੂੰ ਭਰੋਸਾ ਦਿੱਤਾ ਕਿ ਅਸੀਂ 13 ਵਿੱਚੋਂ 13 ਸੀਟਾਂ ਜਿੱਤ ਕੇ ਤੁਹਾਡੀ ਝੋਲੀ ਵਿੱਚ ਪਾਵਾਂਗੇ। ਉਨ੍ਹਾਂ ਕਿਹਾ ਕਿ 2014 ਵਿੱਚ ਜਦੋਂ ਆਮ ਆਦਮੀ ਪਾਰਟੀ ਪਹਿਲੀ ਵਾਰ ਲੋਕ ਸਭਾ ਚੋਣ ਲੜੀ ਸੀ ਤਾਂ ਪੰਜਾਬ ਵਿੱਚੋਂ ਹੀ ਪਾਰਟੀ ਦੇ ਸਿਰਫ਼ ਚਾਰ ਸੰਸਦ ਮੈਂਬਰ ਜਿੱਤ ਕੇ ਲੋਕ ਸਭਾ ਵਿੱਚ ਪੁੱਜੇ ਸਨ।ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਲੋਕਾਂ ਦੀ ਤਰੱਕੀ ਲਈ ਦਿਨ-ਰਾਤ ਕੰਮ ਕਰ ਰਹੇ ਹਾਂ। 16 ਮਾਰਚ 2022 ਤੋਂ ਸਰਕਾਰ ਬਣਨ ਤੋਂ ਬਾਅਦ ਇੱਕ ਵੀ ਦਿਨ ਅਜਿਹਾ ਨਹੀਂ ਲੰਘਿਆ ਕਿ ਅਸੀਂ ਲੋਕਾਂ ਕੋਲ ਨਾ ਗਏ ਹੋਈਏ।

ਅਸੀਂ ਇੱਕ ਥਰਮਲ ਪਲਾਂਟ ਖਰੀਦਿਆ।ਆਪਣੀ ਕੋਲ ਖਾਣ ਚਲਾਈ। 42000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ। ਬਿਜਲੀ ਮੁਫਤ ਕੀਤੀ। ਸਕੂਲ ਆਫ਼ ਐਮੀਨੈਂਸ ਅਤੇ ਮੁਹੱਲਾ ਕਲੀਨਿਕ ਬਣਾਏ। ਬਜ਼ੁਰਗਾਂ ਲਈ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ। ਸ਼ਹੀਦਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦਿੱਤੇ ਜਾ ਰਹੇ ਹਨ। ਅਗਨੀਵੀਰ ਸੈਨਿਕ, ਜਿਨ੍ਹਾਂ ਨੂੰ ਕੇਂਦਰ ਸਰਕਾਰ ਵੀ ਸ਼ਹੀਦ ਨਹੀਂ ਮੰਨਦੀ, ਅਸੀਂ ਉਨ੍ਹਾਂ ਦੇ ਸ਼ਹੀਦ ਪਰਿਵਾਰਾਂ ਨੂੰ 1 ਕਰੋੜ ਰੁਪਏ ਵੀ ਦੇ ਰਹੇ ਹਾਂ। ਇਸ ਤੋਂ ਇਲਾਵਾ ਆਮ ਲੋਕਾਂ ਅਤੇ ਕਾਰੋਬਾਰੀਆਂ ਦੀ ਸਹੂਲਤ ਲਈ ਐਨ.ਓ.ਸੀ. ਦੀ ਸ਼ਰਤ ਖਤਮ ਕੀਤੀ।

ਸ੍ਰੀ ਹੇਮਕੁੰਟ ਸਾਹਿਬ: ਗਲੇਸ਼ੀਅਰ ਦੀ ਲਪੇਟ 'ਚ 300 ਫੁੱਟ ਹਿੱਸਾ, ਰਸਤੇ 'ਚ ਭਾਰੀ ਬਰਫ਼, ਟੀਮ ਵਾਪਸ ਪਰਤੀ

ਰਿਸ਼ੀਕੇਸ਼, 11 ਮਾਰਚ (ਚ.ਨ.ਸ.) : 25 ਮਈ ਨੂੰ ਸਿੱਖਾਂ ਦੇ ਪ੍ਰਸਿੱਧ ਤੀਰਥ ਅਸਥਾਨ ਹੇਮਕੁੰਟ ਸਾਹਿਬ ਦੇ ਕਪਾਟ ਵੀ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਜਾਣਗੇ। ਇਸ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧਕਾਂ ਅਤੇ ਪੁਲਿਸ ਦੀ ਟੀਮ ਨਿਰੀਖਣ ਲਈ ਹੇਮਕੁੰਟ ਗਈ ਸੀ ਪਰ ਰਸਤੇ ਵਿਚ ਭਾਰੀ ਬਰਫ਼ ਅਤੇ ਗਲੇਸ਼ੀਅਰ ਹੋਣ ਕਾਰਨ ਟੀਮ ਹੇਮਕੁੰਟ ਨਹੀਂ ਪਹੁੰਚ ਸਕੀ ਅਤੇ ਵਾਪਸ ਪਰਤ ਗਈ। ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਮੁੱਖ ਪ੍ਰਬੰਧਕ ਸੇਵਾ ਸਿੰਘ ਨੇ ਦੱਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਨੂੰ ਜਾਂਦੀ ਸੜਕ ਦਾ ਕਰੀਬ 300 ਫੁੱਟ ਹਿੱਸਾ ਗਲੇਸ਼ੀਅਰ ਦੀ ਲਪੇਟ ਵਿੱਚ ਹੈ।

ਮੁੱਖ ਚੋਣ ਕਮਿਸ਼ਨਰ ਵੱਲੋਂ 2100 ਆਬਜ਼ਰਵਰਾਂ ਨੂੰ ਚੋਣਾਂ ਦੌਰਾਨ ਸਾਰਿਆਂ ਲਈ ਅਨੁਕੂਲ ਤੇ ਬਰਾਬਰ ਮਾਹੌਲ ਯਕੀਨੀ ਬਣਾਉਣ ਦੇ ਨਿਰਦੇਸ਼

ਚੰਡੀਗੜ੍ਹ, 11 ਮਾਰਚ (ਚ.ਨ.ਸ.) : ਲੋਕ ਸਭਾ ਅਤੇ ਕੁਝ ਵਿਧਾਨ ਸਭਾਵਾਂ ਦੀਆਂ ਆਗਾਮੀ ਆਮ ਚੋਣਾਂ ਦੇ ਮੱਦੇਨਜ਼ਰ ਭਾਰਤੀ ਚੋਣ ਕਮਿਸ਼ਨ ਵੱਲੋਂ ਅੱਜ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦਸ਼ਾਂ ਵਿੱਚ ਤਾਇਨਾਤ ਕੀਤ ਜਾਣ ਵਾਲੇ ਆਬਜ਼ਰਵਰਾਂ ਨੂੰ ਚੋਣਾਂ ਸਬੰਧੀ ਦਿਸ਼ਾ-ਨਿਰਦਸ਼ਾਂ ਤੋਂ ਜਾਣੂੰ ਕਰਵਾਉਣ ਲਈ ਮੀਟਿੰਗ ਕੀਤੀ ਗਈ।

ਵਿਗਿਆਨ ਭਵਨ, ਨਵੀਂ ਦਿੱਲੀ ਵਿਖ ਹਾਈਬ੍ਰਿਡ ਮੋਡ ਵਿੱਚ ਕੀਤੀ ਗਈ। ਇਸ ਮੀਟਿੰਗ ਵਿੱਚ ਸੀਨੀਅਰ ਆਈ.ਏ.ਐਸ ਅਤੇ ਆਈ.ਪੀ.ਐਸ. ਅਧਿਕਾਰੀਆਂ ਦੇ ਨਾਲ-ਨਾਲ ਇੰਡੀਅਨ ਰੈਵਿਨਿਊ ਸਰਵਿਸ ਅਤੇ ਹੋਰ ਕੰਦਰੀ ਸਵਾਵਾਂ ਦੇ 2150 ਤੋਂ ਵੱਧ ਅਧਿਕਾਰੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚੋਂ ਕੁਝ ਅਧਿਕਾਰੀ ਆਪੋ-ਆਪਣੇ ਸੂਬਿਆਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਦਫ਼ਤਰਾਂ ਤੋਂ ਇਸ ਮੀਟਿੰਗ ਵਿੱਚ ਆਨਲਾਈਨ ਸ਼ਾਮਲ ਹੋਏ। ਦੱਸਣਯੋਗ ਹੈ ਕਿ ਆਗਾਮੀ ਚੋਣਾਂ ਲਈ ਲਗਭਗ 900 ਜਨਰਲ ਆਬਜ਼ਰਵਰ, 450 ਪੁਲਿਸ ਆਬਜ਼ਰਵਰ ਅਤੇ 800 ਖਰਚਾ ਆਬਜ਼ਰਵਰ ਤਾਇਨਾਤ ਕੀਤੇ ਜਾ ਰਹੇ ਹਨ। ਚੋਣ ਵਿੱਚ ਆਬਜ਼ਰਵਰਾਂ ਦੀ ਅਹਿਮ ਭੂਮਿਕਾ ਬਾਰੇ ਗੱਲ ਕਰਦਿਆਂ ਮੁੱਖ ਚੋਣ ਕਮਿਸ਼ਨਰ ਸ੍ਰੀ ਰਾਜੀਵ ਕੁਮਾਰ ਨੇ ਆਬਜ਼ਰਵਰਾਂ ਨੂੰ ਚੋਣਾਂ ਦੌਰਾਨ ਡਰਾਉਣ-ਧਮਕਾਉਣ ਅਤੇ ਉਕਸਾਉਣ ਦੀਆਂ ਕਾਰਵਾਈਆਂ 'ਤੇ ਨੇੜਿਓਂ ਨਜ਼ਰ ਰੱਖਣ ਲਈ ਆਖਦਿਆਂ ਸਾਰਿਆਂ ਲਈ ਇੱਕ ਸਮਾਨ ਅਤੇ ਅਨੁਕੂਲ ਮਾਹੌਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਚੋਣ ਅਮਲ ਨੂੰ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਮੁੱਖ ਚੋਣ ਕਮਿਸ਼ਨਰ ਨੇ ਜ਼ੋਰ ਦੇ ਕੇ ਕਿਹਾ ਕਿ ਕਮਿਸ਼ਨ ਦੇ ਨੁਮਾਇੰਦਿਆਂ ਵਜੋਂ ਆਬਜ਼ਰਵਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਪੇਸ਼ਵਰਾਨਾ ਢੰਗ ਨਾਲ ਪੇਸ਼ ਆਉਂਦਿਆਂ ਉਮੀਦਵਾਰਾਂ ਅਤ ਭਾਈਵਾਲਾਂ ਤੱਕ ਪਹੁੰਚ ਬਣਾ ਕੇ ਰੱਖਣ। ਮੀਟਿੰਗ ਵਿੱਚ ਆਬਜ਼ਰਵਾਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਡਿਊਟੀ ਦੌਰਾਨ ਆਪਣੇ ਵਿਵਹਾਰ ਵਿੱਚ ਸਖਤੀ ਅਤੇ ਨਿਮਰਤਾ ਦਾ ਸੁਮੇਲ ਬਣਾ ਕ ਰੱਖਣ। ਉਨ੍ਹਾਂ ਚੋਣ ਆਬਜ਼ਰਵਰਾਂ ਨੂੰ ਪੋਲਿੰਗ ਸਟੇਸ਼ਨਾਂ ਦਾ ਦੌਰਾ ਕਰਕੇ ਜ਼ਮੀਨੀ ਹਾਲਾਤਾਂ ਤੋਂ ਜਾਣੂੰ ਹੋਣ ਦੇ ਨਾਲ-ਨਾਲ ਸੰਵੇਦਨਸ਼ੀਲ ਖਤਰੇ ਦਾ ਜਾਇਜ਼ਾ ਲੈਣ ਲਈ ਵੀ ਕਿਹਾ। ਸ਼੍ਰੀ ਕੁਮਾਰ ਨੇ ਇਹ ਵੀ ਦੱਸਿਆ ਕਿ ਕਮਿਸ਼ਨ ਨ ਸਾਰੇ ਸਰਕੂਲਰਸ ਦਾ ਖਰੜਾ ਨਵੇਂ ਸਿਰਿਓਂ ਤਿਆਰ ਕਰਨ ਦੇ ਨਾਲ-ਨਾਲ ਮੈਨੂਅਲ ਅਤੇ ਹੈਂਡਬੁੱਕਸ ਨੂੰ ਅਪਡੇਟ ਕੀਤਾ ਹੈ, ਜੋ ਈ.ਸੀ.ਆਈ. ਦੀ ਵੈੱਬਸਾਈਟ 'ਤੇ ਪੜ੍ਹਨ ਲਈ ਆਸਾਨ ਫਾਰਮੈਟ ਵਿੱਚ ਉਪਲਬਧ ਹਨ। ਉਨ੍ਹਾਂ ਅੱਗੇ ਕਿਹਾ ਕਿ ਵੱਖ-ਵੱਖ ਕਰਮਚਾਰੀਆਂ ਦੀਆਂ ਭੂਮਿਕਾਵਾਂ ਅਤ ਕਾਰਜਾਂ ਦੇ ਆਧਾਰ 'ਤੇ ਹੈਂਡਬੁੱਕ ਅਤੇ ਮੈਨੂਅਲ ਤਿਆਰ ਕਰਨ ਤੋਂ ਇਲਾਵਾ ਹਦਾਇਤਾਂ (ਕੀ ਕਰਨਾ ਅਤੇ ਕੀ ਨਹੀਂ ਕਰਨਾ) ਦੀ ਸੂਚੀ ਵੀ ਤਿਆਰ ਕੀਤੀ ਗਈ ਹੈ।

ਡੇਰਾ ਮੁਖੀ ਨੂੰ ਹਾਈਕੋਰਟ ਤੋਂ ਵੱਡੀ ਰਾਹਤ, ਕਾਰਵਾਈ 'ਤੇ ਲਗਾਈ ਰੋਕ

ਸਿਰਸਾ, 11 ਮਾਰਚ (ਚ.ਨ.ਸ.) : : ਡੇਰਾ ਮੁਖੀ ਰਾਮ ਰਹੀਮ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਤੋਂ ਬੇਅਦਬੀ ਮਾਮਲੇ 'ਚ ਰਾਹਤ ਮਿਲ ਗਈ ਹੈ। ਇਸ ਮਾਮਲੇ 'ਚ ਡੇਰਾ ਮੁਖੀ ਖ਼ਿਲਾਫ਼ ਟ੍ਰਾਇਲ ਕੋਰਟ 'ਚ ਚੱਲ ਰਹੀ ਕਾਰਵਾਈ 'ਤੇ ਹਾਈ ਕੋਰਟ ਨੇ ਰੋਕ ਲਗਾ ਦਿੱਤੀ ਹੈ। ਡੇਰਾ ਮੁਖੀ ਵਲੋਂ ਇਸ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਮੰਗ ਨੂੰ ਹਾਈ ਕੋਰਟ ਨੇ ਡਬਲ ਬੈਂਚ ਨੂੰ ਰੈਫਰ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਇਕ ਜੂਨ 2015 ਨੂੰ ਗੁਰਦੁਆਰਾ ਬੁਰਜ ਜਵਾਹਰ ਸਿੰਘ ਵਾਲਾ ਤੋਂ ਬੀੜ ਸਾਹਿਬ ਚੋਰੀ ਹੋਈ ਸੀ। ਪਿਛਲੇ ਸਾਲ ਜੁਲਾਈ 'ਚ ਰਾਮ ਰਹੀਮ ਨੂੰ ਇਸ ਮਾਮਲੇ 'ਚ ਨਾਮਜ਼ਦ ਕੀਤਾ ਗਿਆ ਸੀ। ਇਸ ਮਾਮਲੇ 'ਚ ਰਾਮ ਰਹੀਮ ਨੂੰ ਮਿਲਾ ਕੇ ਕੁੱਲ 11 ਦੋਸ਼ੀ ਸਨ, ਜਿਨ੍ਹਾਂ 'ਚੋਂ ਇਕ (ਮਹਿੰਦਰ ਪਾਲ ਬਿੱਟੂ) ਦਾ ਕਤਲ ਕਰ ਦਿੱਤਾ ਗਿਆ ਸੀ।

ਚੜ੍ਹਦੀਕਲਾ

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

Printed & Published by Paramjit Singh & on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Charhdikala 577, SST Nagar Patiala. Chief Editor : Jagjit Singh Dardi

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਕੇਸ ਨੰਬਰ: ਓਏ/2958/2019 ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਦੇ ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ

ਈਐਕਸਐਚ ਨੰ: 15350

ਸਟੇਟ ਬੈਂਕ ਆਫ ਇੰਡੀਆ ਬਨਾਮ ਕਿਸ਼ਨ ਸਿੰਘ

ਵੱਲ, (1) ਕਿਸ਼ਨ ਸਿੰਘ ਸਪੁੱਤਰੀ/ਸੁਪਤਨੀ/ਸਪੁੱਤਰ/ਹੋਰ - ਹੀਰਾ ਸਿੰਘ ਫੌਜੀ ਕਾਲੋਨੀ ਤਹਿਸੀਲ ਲੋਹੀਆਂ ਜ਼ਿਲਾ ਕਪੂਰਥਲਾ, ਫੌਜੀ ਕਲੋਨੀ ਤਹਿਸੀਲ ਲੋਹੀਆਂ ਜ਼ਿਲਾ ਕਪੂਰਥਲਾ ਕਪੂਰਥਲਾ, ਪੰਜਾਬ (2) ਸੁਰਿੰਦਰ ਸਿੰਘ ਸਪੁੱਤਰ ਜੋਗਿੰਦਰ ਸਿੰਘ ਵਾਸੀ ਮੁਹੱਲਾ ਜਵਲਾਲ ਨਗਰ ਤਹਿਸੀਲ ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਕਪੂਰਥਲਾ, ਪੰਜਾਬ

ਸੰਮਨ

ਜਦੋਂ ਕਿ, ਓਏ/2958/2019 ਨੂੰ 02/03/2024 ਨੂੰ ਮਾਨਯੋਗ ਪ੍ਰੀਜ਼ਾਈਡਿੰਗ ਅਫਸਰ/ਰਜਿਸਟਰਾਰ ਦੇ ਸਾਹਮਣੇ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਹ ਮਾਣਯੋਗ ਟ੍ਰਿਬਿਊਨਲ ਤੁਹਾਡੇ ਵਿਰੁੱਧ ਐਕਟ ਦੀ ਧਾਰਾ 19(4) ਦੇ ਤਹਿਤ, (ਓਏ) ਰੂਪਏ ਦੇ ਕਰਜ਼ਿਆਂ ਦੀ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਸੰਮਨ/ਨੋਟਿਸ ਜਾਰੀ ਕਰਕੇ ਖੁਸ਼ ਹੈ। 18,74,360/- (ਦਸਤਾਵੇਜ਼ਾਂ ਦੀਆਂ ਕਾਪੀਆਂ ਸਮੇਤ ਅਰਜ਼ੀ ਸ਼ਾਮਲ ਕੀਤੀ ਗਈ ਹੈ)। ਐਕਟ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਨੁਸਾਰ, ਤੁਹਾਨੂੰ, ਬਚਾਓ ਪੱਖਾਂ ਨੂੰ ਹੇਠਾਂ ਦਿੱਤੇ ਨਿਰਦੇਸ਼ ਦਿੱਤੇ ਗਏ ਹਨ:- (1) ਸੰਮਨ ਦੀ ਸੇਵਾ ਦੇ ਤੀਹ ਦਿਨਾਂ ਦੇ ਅੰਦਰ ਕਾਰਨ ਦਿਖਾਉਣ ਲਈ ਕਿ ਰਾਹਤ ਲਈ ਪ੍ਰਾਰਥਨਾ ਕਿਉਂ ਨਹੀਂ ਕੀਤੀ ਜਾਣੀ ਚਾਹੀਦੀ। ; (2) ਅਸਲ ਅਰਜ਼ੀ ਦੇ ਸੀਰੀਅਲ ਨੰਬਰ 31 ਅਧੀਨ ਬਿਨੈਕਾਰ ਦੁਆਰਾ ਦਰਸਾਏ ਗਏ ਸੰਪਤੀਆਂ ਅਤੇ ਸੰਪਤੀਆਂ ਤੋਂ ਇਲਾਵਾ ਹੋਰ ਸੰਪਤੀਆਂ ਜਾਂ ਸੰਪਤੀਆਂ ਦੇ ਵੇਰਵਿਆਂ ਦਾ ਖੁਲਾਸਾ ਕਰਨ"; (3) ਤੁਹਾਨੂੰ ਅਸਲ ਅਰਜ਼ੀ ਦੇ ਸੀਰੀਅਲ ਨੰਬਰ 31 ਦੇ ਤਹਿਤ ਖੁਲਾਸਾ ਕੀਤੀਆਂ ਗਈਆਂ ਸੁਰੱਖਿਅਤ ਸੰਪਤੀਆਂ ਜਾਂ ਅਜਿਹੀਆਂ ਹੋਰ ਸੰਪਤੀਆਂ ਅਤੇ ਸੰਪਤੀਆਂ ਨਾਲ ਨਜਿੱਠਣ ਜਾਂ ਨਿਪਟਾਰਾ ਕਰਨ ਤੋਂ ਰੋਕਿਆ ਗਿਆ ਹੈ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ; (4) ਤੁਸੀਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਟ੍ਰਾਂਸਫਰ ਨਹੀਂ ਕਰੋਗੇ, ਸਿਵਾਏ ਉਸਦੇ ਕਾਰੋਬਾਰ ਦੇ ਆਮ ਕੋਰਸ ਵਿੱਚ ਕਿਸੇ ਵੀ ਸੰਪੱਤੀ ਨੂੰ ਛੱਡ ਕੇ ਜਿਸ ਉੱਤੇ ਸੁਰੱਖਿਆ ਹਿੱਤ ਬਣਾਇਆ ਗਿਆ ਹੈ ਅਤੇ/ਜਾਂ ਹੋਰ ਸੰਪਤੀਆਂ ਅਤੇ ਸੰਪਤੀਆਂ ਦਾ ਸੀਰੀਅਲ ਨੰਬਰ 31 ਦੇ ਤਹਿਤ ਨਿਰਦਿਸ਼ਟ ਜਾਂ ਖੁਲਾਸਾ ਕੀਤਾ ਗਿਆ ਹੈ। ਟ੍ਰਿਬਿਊਨਲ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਅਸਲ ਅਰਜ਼ੀ; (5) ਤੁਸੀਂ ਕਾਰੋਬਾਰ ਦੇ ਸਧਾਰਣ ਕੋਰਸ ਵਿੱਚ ਸੁਰੱਖਿਅਤ ਸੰਪਤੀਆਂ ਜਾਂ ਹੋਰ ਸੰਪਤੀਆਂ ਅਤੇ ਸੰਪਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਕੀਤੀ ਵਿਕਰੀ ਆਮਦਨ ਲਈ ਜਵਾਬਦੇਹ ਹੋਵੋਗੇ ਅਤੇ ਅਜਿਹੀ ਵਿਕਰੀ ਦੀ ਕਮਾਈ ਨੂੰ ਬੈਂਕ ਜਾਂ ਵਿੱਤੀ ਸੰਸਥਾਵਾਂ ਦੇ ਕੋਲ ਰੱਖੇ ਖਾਤੇ ਵਿੱਚ ਜਮ੍ਹਾ ਕਰੋਗੇ ਜਿਸ ਵਿੱਚ ਸੁਰੱਖਿਆ ਵਿਆਜ਼ ਹੈ। ਸੰਪਤੀਆਂ ਤੁਹਾਨੂੰ ਲਿਖਤੀ ਬਿਆਨ ਇਸਦੀ ਕਾਪੀ ਦੇ ਨਾਲ ਦਾਇਰ ਕਰਨ ਲਈ ਵੀ ਕਿਹਾ ਜਾਂਦਾ ਹੈ

ਬਿਨੈਕਾਰ ਨੂੰ ਪੇਸ਼ ਕੀਤਾ ਜਾਵੇਗਾ ਅਤੇ 17/09/2024 ਨੂੰ ਸਵੇਰੇ 10:30 ਵਜੇ ਰਜਿਸਟਰਾਰ ਦੇ ਸਾਹਮਣੇ ਪੇਸ਼ ਹੋਣ ਲਈ। ਜਿਸ ਵਿੱਚ ਅਸਫਲ ਰਹਿਣ 'ਤੇ ਤੁਹਾਡੀ ਗੈਰਹਾਜ਼ਰੀ ਵਿੱਚ ਅਰਜ਼ੀ ਦੀ ਸੁਣਵਾਈ ਅਤੇ ਫੈਸਲਾ ਕੀਤਾ ਜਾਵੇਗਾ।

ਇਸ ਮਿਤੀ: 05/03/2024 ਨੂੰ ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ ਜਾਰੀ।

ਸੰਮਨ ਜਾਰੀ ਕਰਨ ਲਈ
ਅਧਿਕਾਰਤ ਅਧਿਕਾਰੀ ਦੇ ਦਸਤਖਤ

ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਕੇਸ ਨੰ. ਓ ਏ/16/2020

ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ

ਈਐਕਸਐਚ ਨੰ.: 20036

ਕੇਨਰਾ ਬੈਂਕ
ਬਨ